# ਸ਼ੇਖ ਫ਼ਰੀਦ - ਸਬਦ ੯੯

## ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੨

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥

ਸਾਰ: ਵਿਕਾਸ ਦੇ ਸ਼ੁਰੂਆਤੀ ਪੜਾਅ ਵਿਚ ਸਹਾਰਾ ਬਹੁਤ ਜ਼ਰੂਰੀ ਹੁੰਦਾ ਹੈ, ਕਿਉਂਕਿ ਇਹ ਅਕਸਰ ਨਿਰਭਰਤਾ ਨਾਲ ਹੀ ਸ਼ੁਰੂ ਹੁੰਦਾ ਹੈ। ਮਾਰਗ ਦਰਸ਼ਨ ਸੂਝ ਦੀ ਚਿੰਗਆੜੀ ਜਗਾ ਸਕਦਾ ਹੈ, ਪਰ ਉਸਦੀ ਪਕੜ ਇਸ ਤੱਥ 'ਤੇ ਨਿਰਭਰ ਕਰਦੀ ਹੈ ਕਿ ਅਸੀਂ ਉਸਨੂੰ ਕਿੰਨੀ ਸੁਹਿਰਦਤਾ ਨਾਲ ਕਲਾਵੇ ਵਿਚ ਲੈਂਦੇ ਹਾਂ। ਜਿਵੇਂ ਦਰਿਆ ਦੇ ਕੰਢੇ ਜੋਬਨ ਰੁੱਤੇ ਆਇਆ ਦਰੱਖਤ ਆਪਣੇ ਵਿਕਾਸ ਲਈ ਅਹਾਰ ਪ੍ਰਾਪਤ ਕਰਦਾ ਹੈ, ਪਰ ਜੇ ਉਹ ਆਪਣੀਆਂ ਜੜ੍ਹਾਂ ਨੂੰ ਡੂੰਘਾ ਨਹੀਂ ਕਰਦਾ, ਤਾਂ ਉਹੀ ਮਿੱਟੀ ਜਿਸ 'ਤੇ ਉਹ ਟਿਕਿਆ ਹੈ, ਦਰਿਆ ਦੇ ਵਹਾਅ ਨਾਲ ਖਿਸਕ ਵੀ ਸਕਦੀ ਹੈ ਅਤੇ ਉਸਦਾ ਟਿਕਾਵ ਖ਼ਤਰੇ ਵਿਚ ਪੈ ਸਕਦਾ ਹੈ। ਇਸ ਲਈ ਸਥਿਰਤਾ ਲਈ ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਅੰਦਰ ਐਸਾ ਆਧਾਰ ਬਣਾਈਏ ਜਿੱਥੇ ਟਿਕਾਅ ਬਾਹਰੀ ਸਹਾਰੇ 'ਤੇ ਨਹੀਂ, ਸਗੋਂ ਅੰਤਰੀਵੀ ਜੜ੍ਹਾਂ ਦੀ ਮਜ਼ਬੂਤੀ 'ਤੇ ਨਿਰਭਰ ਹੋਵੇ।

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥
ਨਦੀ ਦੇ ਕੰਢੇ, ਭਰ ਜੋਬਨ ਰੁੱਤੇ ਖੜ੍ਹਿਆ ਰੁੱਖ ਕਿੰਨਾ ਚਿਰ ਆਪਣਾ ਸਹਾਰਾ ਬਰਕਰਾਰ ਰੱਖ ਸਕਦਾ ਹੈ? ਇਸ ਦ੍ਰਿਸ਼ਟਾਂਤ ਦਾ ਭਾਵ ਹੈ ਸਿੱਖਣ ਦੇ ਲਈ ਸ਼ੁਰੂਆਤੀ ਰਾਹਨੁਮਾਈ ਬੇਹੱਦ ਜ਼ਰੂਰੀ ਤਾਂ ਹੈ, ਪਰ ਉਸ ਸੂਝ ਨੂੰ ਆਪਣੇ ਧੁਰ ਅੰਦਰ ਵਸਾਉਣਾ ਹੀ ਬੇਅੰਤ ਵਿਕਾਸ ਦੀ ਕੁੰਜੀ ਹੈ।

ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥
ਫਰੀਦ ਕਹਿੰਦੇ ਹਨ ਕਿ ਕੱਚੇ ਘੜੇ ਵਿਚ ਪਾਣੀ ਕਿੰਨੇ ਸਮੇਂ ਤੱਕ ਟਿਕ ਸਕਦਾ ਹੈ? ਇਹ ਭਾਵ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਅੰਤਰੀਵੀ ਪਰਪੱਕਤਾ ਤੋਂ ਬਿਨ੍ਹਾਂ, ਜਿਹੜਾ ਗਿਆਨ ਅਸੀਂ ਅਨੁਭਵ ਰਾਹੀਂ ਹਾਸਿਲ ਕਰਦੇ ਹਾਂ, ਉਹ ਜਲਦ ਹੀ ਸਾਡੋਂ ਕੋਲੋਂ ਖਿਸਕ ਵੀ ਸਕਦਾ ਹੈ। (੯੬)

**ਤੱਤ:** ਸ਼ੇਖ ਫ਼ਰੀਦ ਇਕ ਕੱਚੇ ਭਾਂਡੇ ਦੇ ਦ੍ਰਿਸ਼ਟਾਂਤ ਦੀ ਵਰਤੋਂ ਕਰ ਇਹ ਪ੍ਰਸ਼ਨ ਉਠਾਉਂਦੇ ਹਨ ਕਿ ਇਸ ਵਿਚ ਪਾਣੀ ਕਿੰਨਾ ਚਿਰ ਟਿਕ ਸਕਦਾ ਹੈ। ਇਹ ਸਵਾਲ ਅੰਤਰੀਵੀ ਤੌਰ 'ਤੇ ਚਿੰਤਨ ਕਰਦਾ ਹੈ ਕਿ ਜਦੋਂ ਆਪਾ ਅਗਿਆਨਤਾ ਵਿਚ ਡੁੱਬਿਆ ਹੋਇਆ ਹੈ ਤਾਂ ਜੀਵਨ ਜੋ ਕੁਝ ਵੀ ਸਿਖਾਵੇ ਉਹ ਅੰਦਰ ਬਰਕਰਾਰ ਨਹੀਂ ਰਹਿ ਸਕਦਾ। ਜੋ ਅਸੀਂ ਆਪਣੇ ਅੰਤਹਕਰਣ ਦੇ ਧੁਰ ਵਿਚ ਨਹੀਂ ਸਮਾ ਸਕਦੇ ਉਹ ਸਾਡੇ ਹੱਥੋਂ ਖਿਸਕ ਜਾਂਦਾ ਹੈ। ਜ਼ਿੰਦਗੀ ਸਾਨੂੰ ਅਨੁਭਵ ਦੇ ਸਕਦੀ ਹੈ, ਸੂਝ ਕੁਝ ਪਲਾਂ ਲਈ ਸਾਨੂੰ ਸਪਰਸ਼ ਕਰ ਕਰ ਸਕਦੀ ਹੈ, ਪਰ ਅੰਤਰੀਵੀ ਪਰਪੱਕਤਾ ਤੋਂ ਬਿਨਾਂ, ਇਸ ਵਿਚ ਟਿਕਾਵ ਨਹੀਂ ਆ ਸਕਦਾ। ਇਹ ਪ੍ਰਤੀਬਿੰਬ ਸੁਝਾਅ ਦਿੰਦਾ ਹੈ ਕਿ ਸੱਚ ਨੂੰ ਸਿਰਫ਼ ਇਸਦਾ ਸਾਹਮਣਾ ਕਰਨ ਨਾਲ ਨਹੀਂ, ਸਗੋਂ ਇਸਨੂੰ ਅੰਦਰ ਵਸਾਉਣ ਦੀ ਯੋਗਤਾ ਵਿਕਸਤ ਕਰਕੇ ਹੀ ਬਰਕਰਾਰ ਰੱਖਿਆ ਜਾਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**